ਚੌਪਈ ॥

chaupee |

Level - 1

ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿੱਤ ਕੀ ਇੱਛਾ ॥
hamaree karo haath dhai raashaa | pooran hoe chth kee eshiaa |

ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥ ੩੭੭॥
thav charanan man rehai hamaaraa | apanaa jaan karo prathipaaraa |1| 377|

ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥
hamarae dhusatt sabhai thum ghaavahu | aap haath dhai mohi bachaavahu |

ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖ ਸਭੈ ਕਰਤਾਰਾ ॥੨॥੩੭੮॥
sukhee basai moro parivaaraa | saevak skh sabhai karathaaraa |2|378|

ਮੋ ਰੱਛਾ ਨਿਜ ਕਰ ਦੈ ਕਰਿਯੈ ॥ ਸਭ ਬੈਰਿਨ ਕੋ ਆਜ ਸੰਘਰਿਯੈ ॥
mo raashaa nij kar dhai kariyai | sabh bairin ko aaj sanghariyai |

ਪੂਰਨ ਹੋਇ ਹਮਾਰੀ ਆਸਾ ॥ ਤੋਰਿ ਭਜਨ ਕੀ ਰਹੈ ਪਿਯਾਸਾ ॥੩॥੩੭੯॥
poooooran hoe hamaaree aasaa | thor bhajan kee rehai piyaasaa |3|379|

ਤੁਮਹਿ ਛਾਡਿ ਕੋਈ ਅਵਰ ਨ ਧਯਾਊਂ ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥
thumehi shaadd koee avar n dhayaaoo | jo bar cheho s thum thae paaoo |

ਸੇਵਕ ਸਿੱਖ ਹਮਾਰੇ ਤਾਰਿਯਹਿ ॥ ਚੁਨ ਚੁਨ ਸ਼ੱਤ੍ਰ ਹਮਾਰੇ ਮਾਰਿਯਹਿ ॥੪॥ ੩੮੦॥
saevak skh hamaarae thaariyehi | chun chun shaathr hamaarae maariyehi |4| 380|

ਆਪੁ ਹਾਥ ਦੈ ਮੁਝੈ ਉਬਰਿਯੈ ॥ ਮਰਨ ਕਾਲ ਤ੍ਰਾਸ ਨਿਵਰਿਯੈ ॥
aap haath dhai mujhai oubariyai | maran kaal thraas nivariyai |

ਹੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੫॥ ੩੮੧॥
hoojo sadhaa hamaarae paashaa | sree asidhuj joo kariyahu raashaa |5| 381|

ਰਾਖਿ ਲੇਹੁ ਮੁਹਿ ਰਾਖਨਹਾਰੇ ॥ ਸਾਹਿਬ ਸੰਤ ਸਹਾਇ ਪਿਯਾਰੇ ॥
raakh laehu muhi raakhanehaarae | saahib santh sehaae piyaarae |

ਦੀਨ ਬੰਧੁ ਦੁਸਟਨ ਕੇ ਹੰਤਾ ॥ ਤੁਮ ਹੋ ਪੁਰੀ ਚਤੁਰਦਸ ਕੰਤਾ ॥੬॥ ੩੮੨॥
dheen bandh dhusattan kae hanthaa | thum ho puree chathuradhas kanthaa |6| 382|

ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸ਼ਿਵ ਜੂ ਅਵਤਰਾ ॥
kaal paae brehamaa bap dharaa | kaal paae shiv joo avatharaa |

ਕਾਲ ਪਾਇ ਕਰਿ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸਾ ॥੭॥ ੩੮੩॥
kaal paae kar bisan prakaasaa | sakal kaal kaa keeaa thamaasaa |7| 383|

ਜਵਨ ਕਾਲ ਜੋਗੀ ਸਿਵ ਕੀਓ ॥ ਬੇਦ ਰਾਜ ਬ੍ਰਹਮਾ ਜੂ ਥੀਓ ॥
javan kaal jogee siv keeou | baedh raaj brehamaa joo theeou |

Level -2

ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥ ੮॥੩੮੪॥
javan kaal sabh lok savaaraa | namasakaar hai thaahi hamaaraa | 8|384|
ਜਵਨ ਕਾਲ ਸਭ ਜਗਤ ਬਨਾਯੋ ॥ ਦੇਵ ਦੈਤ ਜੱਛਨ ਉਪਜਾਯੋ ॥
javan kaal sabh jagath banaayo | dhaev dhaith jaashan oupajaayo |

ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੯॥ ੩੮੫॥
aadh anth eaekai avathaaraa | soee guroo samajhiyahu hamaaraa |9| 385|

ਨਮਸਕਾਰ ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥
namasakaar this hee ko hamaaree | sakal prajaa jin aap savaaree |

ਸਿਵਕਨ ਕੋ ਸਵਗੁਨ ਸੁਖ ਦੀਯੋ ॥ ਸੱਤ੍ਰੁਨ ਕੋ ਪਲ ਮੋ ਬਧ ਕੀਯੋ ॥੧੦॥ ੩੮੬॥
sivakan ko savagun sukh dheeyo | saathrun ko pal mo badh keeyo |10| 386|

ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥
ghatt ghatt kae anthar kee jaanath | bhalae burae kee peer pashaanath |

ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥ ੩੮੭॥
cheettee thae kanuchar asathoolaa | sabh par kripaa dhrisatt kar foolaa |11| 387|

ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧੁਨ ਕੇ ਸੁਖੀ ॥
santhan dhukh paaeae thae dhukhee | sukh paaeae saadhun kae sukhee |

ਏਕ ਏਕ ਕੀ ਪੀਰ ਪਛਾਨੈ ॥ ਘਟ ਘਟ ਕੇ ਪਟ ਪਟ ਕੀ ਜਾਨੈ ॥੧੨॥ ੩੮੮॥
eaek eaek kee peer pashaanai | ghatt ghatt kae patt patt kee jaanai |12| 388|

ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥
jab oudhakarakh karaa karathaaraa | prajaa dharath thab dhaeh apaaraa |

ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥ ੩੮੯॥
jab aakarakh karath ho kabehoon | thum mai milath dhaeh dhar sabhehoon |13| 389|

ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ਆਪੁ ਆਪੁਨੀ ਬੂਝਿ ਉਚਾਰੈ ॥
jaethae badhan srisatt sabh dhaarai | aap aapunee boojh ouchaarai |

ਤੁਮ ਸਭ ਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ ਭੇਦ ਅਰੁ ਆਲਮ ॥੧੪॥ ੩੯੦॥
thum sabh hee thae rehath niraalam | jaanath baedh bhaedh ar aalam |14| 390|

ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ ॥ ਆਦਿ ਅਨੀਲ ਅਨਾਦਿ ਅਸੰਭ ॥
nirankaar nribikaar nrilanbh | aadh aneel anaadh asanbh |

ਤਾ ਕਾ ਮੂੜ੍ਹ ਉਚਾਰਤ ਭੇਦਾ ॥ ਜਾ ਕੋ ਭੇਵ ਨ ਪਾਵਤ ਬੇਦਾ ॥੧੫॥ ੩੯੧॥
thaa kaa moorra ouchaarath bhaedhaa | jaa ko bhaev n paavath baedhaa |15| 391|

ਤਾਕੌ ਕਰਿ ਪਾਹਨ ਅਨੁਮਾਨਤ ॥ ਮਹਾਂ ਮੂੜ੍ਹ ਕਛੁ ਭੇਦ ਨ ਜਾਨਤ ॥
thaaka kar paahan anumaanath | mehaa moorra kash bhaedh n jaanath |

ਮਹਾਂਦੇਵ ਕੌ ਕਹਤ ਸਦਾ ਸਿਵ ॥ ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥ ੩੯੨॥
mehaadhaev ka kehath sadhaa siv | nirankaar kaa cheenath nehi bhiv |16| 392|

**Level - 3**

ਆਪੁ ਆਪੁਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥
aap aapunee budh hai jaethee | baranath bhinn bhinn thuhi thaethee |
ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥ ੩੯੩॥
thumaraa lakhaa n jaae pasaaraa | kih bidh sajaa pratham sansaaraa |17| 393|

ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੀਂ ਭੂਪਾ ॥
eaekai roop anoop saroopaa | rank bhayo raav kehee bhoopaa |
ਅੰਡਜ ਜੇਰਜ ਸੇਤਜ ਕੀਨੀ ॥ ਉਤਭੁਜ ਖਾਨਿ ਬਹੁਰਿ ਰਚਿ ਦੀਨੀ ॥੧੮॥ ੩੯੪॥
anddaj jaeraj saethaj keenee | outhabhuj khaan bahur rach dheenee |18| 394|

ਕਹੂੰ ਫੂਲਿ ਰਾਜਾ ਹ੍ਵੈ ਬੈਠਾ ॥ ਕਹੂੰ ਸਿਮਟਿ ਭਯੋ ਸੰਕਰ ਇਕੈਠਾ ॥
kehoon fool raajaa haiv baithaa | kehoon simatt bhayo sankar eikaithaa |

ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥ ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥ ੩੯੫॥
sagaree srisatt dhikhaae achanbhav | aadh jugaadh saroop suyanbhav |19| 395|

ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖ ਉਬਾਰਿ ਅਸਿੱਖ ਸੰਘਰੋ ॥
ab raashaa maeree thum karo | skh oubaar askh sangharo |

ਦੁਸਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣ ਘਾਤਾ ॥੨੦॥ ੩੯੬॥
dhusatt jithae outhavath outhapaathaa | sakal malaesh karo ran ghaathaa |20| 396|

ਜੇ ਅਸਿਧੁਜ ਤਵ ਸਰਨੀ ਪਰੇ ॥ ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ ॥
jae asidhuj thav saranee parae | thin kae dhusatt dhukhith haiv marae |

ਪੁਰਖ ਜਵਨ ਪਗੁ ਪਰੇ ਤਿਹਾਰੇ ॥ ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥ ੩੯੭॥
purakh javan pag parae thihaarae | thin kae thum sankatt sabh ttaarae |21| 397|

ਜੋ ਕਲਿ ਕੌ ਇਕ ਬਾਰ ਧਿਐ ਹੈ ॥ ਤਾ ਕੇ ਕਾਲ ਨਿਕਟਿ ਨਹਿ ਐਹੈ ॥
jo kal ka eik baar dhiai hai | thaa kae kaal nikatt nehi aihai |

ਰੱਛਾ ਹੋਇ ਤਾਹਿ ਸਭ ਕਾਲਾ ॥ ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥ ੩੯੮॥
raashaa hoe thaahi sabh kaalaa | dhusatt arisatt ttarae thathakaalaa |22| 398|

ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥ ਤਾਕੇ ਤਾਪ ਤਨਕ ਮੋ ਹਰਿਹੋ ॥
kripaa dhrisatt than jaahi nihariho | thaakae thaap thanak mo hariho |
ਰਿੱਧਿ ਸਿੱਧਿ ਘਰ ਮੋ ਸਭ ਹੋਈ ॥ ਦੁਸਟ ਛਾਹ ਛ੍ਵੈ ਸਕੈ ਨ ਕੋਈ ॥੨੩॥ ੩੯੯॥
ridh sidh ghar mo sabh hoee | dhusatt shaah shaiv sakai n koee |23| 399|

ਏਕ ਬਾਰ ਜਿਨ ਤੁਮੈ ਸੰਭਾਰਾ ॥ਕਾਲ ਫਾਸ ਤੇ ਤਾਹਿ ਉਬਾਰਾ ॥
eaek baar jin thumai sanbhaaraa |kaal faas thae thaahi oubaaraa |
ਜਿਨ ਨਰ ਨਾਮ ਤਿਹਾਰੋ ਕਹਾ ॥ ਦਾਰਿਦ ਦੁਸਟ ਦੋਖ ਤੇ ਰਹਾ ॥੨੪॥ ੪੦੦॥
jin nar naam thihaaro kehaa | dhaaridh dhusatt dhokh thae rehaa |24| 400|
ਖੜਗ ਕੇਤ ਮੈਂ ਸਰਣਿ ਤਿਹਾਰੀ ॥ ਆਪ ਹਾਥ ਦੈ ਲੇਹੁ ਉਬਾਰੀ ॥
kharrag kaeth mai saran thihaaree | aap haath dhai laehu oubaaree |

ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥੨੫॥ ੪੦੧॥
sarab thaar mo hohu sehaaee | dhusatt dhokh thae laehu bachaaee |25| 401|